# ਲੁੱਟ ਖਸੁੱਟ ਖ਼ਿਲਾਫ਼ ਲੋਕਾਂ ਦੇ ਘੋਲ ਤੇਜ਼ ਹੋ ਰਹੇ ਹਨ

ਹਿੰਦੁਸਤਾਨ ਵਿਚ ਪੂੰਜੀਵਾਦੀ ਡਿਵੈਲਪਮੈਂਟ ਅਤੇ ਇਹਦੇ ਸਿੱਟੇ ਵਜੋਂ ਹੁੰਦੇ ਲੋਕਾਂ ਦੇ ਨੁਕਸਾਨ ਦਾ ਸਿਲਸਿਲਾ 1947 ਤੋਂ ਹੀ ਚੱਲਦਾ ਆ ਰਿਹਾ ਹੈ ਪਰ ਪਿਛਲੇ ਦੋ ਕੁ ਦਹਾਕਿਆਂ ਤੋਂ ਹੋਰ ਵੀ ਤੇਜ਼ ਹੋ ਗਿਆ ਹੈ। ਡੀਵੈਲਪਮੈਂਟ ਦੇ ਨਾ ਹੇਠ ਕੀਤੀ ਜਾਂਦੀ ਲੋਕਾਂ ਦੀ ਇਸ ਤਬਾਹੀ ਦੇ ਖ਼ਿਲਾਫ਼ ਹੁਣ ਲੋਕਾਂ ਦੇ ਘੋਲ ਵੀ ਹੋਰ ਤੇਜ਼ ਹੋ ਰਹੇ ਹਨ। ਪਿਛਲੇ ਨਵੰਬਰ ਵਿਚ ਆਮ ਹੜਤਾਲ, ਹੁਣ ਸਟੇਟ ਬੈਂਕ ਦੇ ਮੁਲਾਜ਼ਮਾਂ ਦੀ ਹੜਤਾਲ, ਨਰਬਦਾ ਬਚਾਉ ਅੰਦੋਲਨ ਅਤੇ ਮੇਧਾ ਪਾਟਕਰ ਦੀ ਭੁਖ ਹੜਤਾਲ, ਕਿਸਾਨਾਂ ਦੇ ਸੰਘਰਸ਼, ਜਾਰਜ ਬੁਸ਼ ਦੇ ਖ਼ਿਲਾਫ਼ ਕਰੋੜਾਂ ਹੀ ਲੋਕਾਂ ਦੇ ਮੁਜ਼ਾਹਰੇ, ਅਤੇ ਹੋਰਨਾ ਕਈ ਥਾਂਵਾਂ ਉਤੇ ਹਥਿਆਰਬੰਦ ਝੜਪਾਂ ਦੱਸਦੀਆਂ ਹਨ ਕਿ ਲੋਕਾਂ ਦੀ ਜੱਦੋ-ਜਹਿਦ ਤੇਜ਼ ਹੋ ਰਹੀ ਹੈ।

ਆਮ ਲੋਕਾਂ ਦਾ ਹਾਲ ਬਹੁਤ ਬੁਰਾ ਹੈ। ਸਰਕਾਰ ਦੇ ਆਪਣੇ ਅੰਕੜਿਆਂ ਮੁਤਾਬਿਕ ਹਿੰਦੁਸਤਾਨ ਵਿਚ ਤਕਰੀਬਨ 40 ਲੱਖ ਬੱਚੇ ਹਰ ਸਾਲ ਸਾਫ਼ ਪਾਣੀ ਨਾ ਮਿਲਣ ਕਰਕੇ ਮਰ ਜਾਂਦੇ ਹਨ। ਦੱਸਿਆ ਜਾਂਦਾ ਹੈ ਕਿ ਹਿੰਦੁਸਤਾਨ ਦੇ 2 ਲੱਖ ਪਿੰਡਾਂ ਵਿਚ ਪੀਣ ਦੇ ਪਾਣੀ ਦਾ ਕੋਈ ਇੰਤਜ਼ਾਮ ਨਹੀਂ। ਸਰਕਾਰ ਦੇ ਹੀ ਇਕ ਹੋਰ ਮਹਿਕਮੇ ਮੁਤਾਬਿਕ 1947 ਤੋਂ ਲੈ ਕੇ ਹੁਣ ਤਾਂਈ ਡਿਵੈਲਪਮੈਂਟ ਪ੍ਰਾਜੈਕਟਾਂ ਨੇ 3 ਕਰੋੜ ਲੋਕਾਂ ਨੂੰ ਬੇਘਰ ਕੀਤਾ ਹੈ ਜਿਨ੍ਹਾਂ ਦੀ ਕੋਈ ਸੁਣਵਾਈ ਨਹੀਂ ਹੈ ਅਤੇ ਜਿਨ੍ਹਾਂ ਦੇ ਗੁਜ਼ਾਰੇ ਦਾ ਕੋਈ ਬੰਦੋਬਸਤ ਨਹੀਂ ਹੈ। ਹਾਕਮ ਜਮਾਤਾਂ ਅਤੇ ਉਨ੍ਹਾਂ ਦੀ ਸਰਕਾਰ ਕਹਿੰਦੇ ਹਨ ਕਿ ਹਿੰਦੁਸਤਾਨ ਦੀ ਡਿਵੈਲਪਮੈਂਟ ਦੀ ਕੀਮਤ ਚੁਕਾਉਣ ਲਈ ਇਹ ਕੁਰਬਾਨੀ ਕਰਨੀ ਹੀ ਪੈਣੀ ਹੈ।

ਨਰਬਦਾ ਘਾਟੀ ਤੇ ਡੈਮ ਬਣਾ ਕੇ ਉਥੋਂ ਦੇ ਲੱਖਾਂ ਹੀ ਲੋਕਾਂ ਦੇ ਘਰਾਂ ਨੂੰ ਪਾਣੀ ਚ ਗਰਕ ਕਰ ਦਿਤਾ ਗਿਆ ਹੈ। ਜਿਨ੍ਹਾਂ ਦੇ ਘਰ ਘਾਟਾਂ ਦੀ ਕੁਰਬਾਨੀ ਇਸ ਬੰਨ੍ਹ ਦੀ ਡੀਵੈਲਪਮੈਂਟ ਲਈ ਦੇ ਦਿਤੀ ਗਈ ਹੈ ਉਨ੍ਹਾਂ ਨੂੰ ਇਸ ਡੀਵੈਲਪਮੈਂਟ ਦਾ ਕੋਈ ਫਾਇਦਾ ਨਹੀਂ ਹੈ। ਉਨ੍ਹਾਂ ਦੀ ਜ਼ਮੀਨ, ਜੰਗਲ ਅਤੇ ਪਾਣੀ ਉੱਤੇ ਹਾਕਮ ਜਮਾਤਾਂ ਨੇ ਸਰਕਾਰ ਦੀ ਮਦਦ ਨਾਲ ਡਾਕਾ ਮਾਰਿਆ ਹੈ ਅਤੇ ਆਪਣੇ ਮੁਨਾਫ਼ਿਆਂ ਲਈ ਉਨ੍ਹਾਂ ਨੂੰ ਬੇਘਰ ਕਰ ਦਿਤਾ ਹੈ। ਛੱਤੀਸਗੜ੍ਹ ਵਿਚ ਵੀ ਕਬਾਇਲੀ ਲੋਕਾਂ ਦੇ ਕੁਦਰਤੀ ਸੋਮਿਆਂ ਤੇ ਹਾਕਮ ਜਮਾਤਾਂ ਨੇ ਸਰਕਾਰ ਦੀ ਮਦਦ ਨਾਲ ਡਾਕੇ ਮਾਰੇ ਹਨ। ਖ਼ਜ਼ਾਨਾ ਮੰਤਰੀ ਨੇ 342 ਹੋਰ ਨਵੇਂ ਡੈਮਾਂ ਦਾ ਐਲਾਨ ਕੀਤਾ ਹੈ। ਉੜੀਸਾ, ਝਾੜ ਖੰਡ ਅਤੇ ਛੱਤੀਸਗੜ ਦੀਆਂ ਸਰਕਾਰਾਂ ਨੇ 90 ਬਿਲੀਅਨ ਡਾਲਰਾਂ ਦੇ ਸਮਝੌਤੇ ਦੇਸੀ ਅਤੇ ਵਿਦੇਸ਼ੀ ਕੰਪਨੀਆਂ ਨਾਲ ਖਾਨਾਂ ਵਿਚੋਂ ਲੋਹਾ ਅਤੇ ਹੋਰ ਕੀਮਤੀ ਚੀਜ਼ਾਂ ਕੱਢਣ ਲਈ ਕੀਤੇ ਹਨ ਜਿਨ੍ਹਾਂ ਨਾਲ ਲੱਖਾਂ ਹੀ ਕਬਾਇਲੀ ਲੋਕਾਂ ਨੂੰ ਬੇਘਰ ਕੀਤਾ ਜਾਵੇਗਾ ਅਤੇ ਉਨ੍ਹਾਂ ਦੀ ਜ਼ਮੀਨ, ਜੰਗਲ ਅਤੇ ਪਾਣੀ ਟਾਟਾ, ਜਿੰਦਲ ਅਤੇ ਹੋਰਨਾਂ ਦੇ ਹਵਾਲੇ ਕਰ ਦਿਤੇ ਜਾਣਗੇ।

ਪਰ ਹੁਣ ਇਹ ਕਬਾਇਲੀ ਲੋਕ ਆਪਣੇ ਹੱਕਾਂ ਤੇ ਪੈਂਦੇ ਡਾਕਿਆਂ ਦੇ ਖ਼ਿਲਾਫ਼ ਜਥੇਬੰਦ ਹੋ ਕੇ ਇਕ ਹਥਿਆਰਬੰਦ ਘੋਲ ਕਰਨ ਲਈ ਮਜਬੂਰ ਹੋ ਗਏ ਹਨ। ਉੜੀਸਾ ਦੇ ਕਲਿੰਗਾਨਗਰ `ਚ ਕਬਾਇਲੀ ਲੋਕਾਂ ਅਤੇ ਨੀਮ ਫ਼ੌਜ ਵਿਚਕਾਰ ਝੜਪਾਂ ਲੋਕਾਂ ਦੇ ਤੇਜ਼ ਹੋ ਰਹੇ ਸੰਘਰਸ਼ ਅਤੇ ਵੱਧ ਰਹੇ ਰੋਹ ਦਾ ਸੰਕੇਤ ਹੈ। ਇਕ ਸਰਕਾਰੀ ਰਿਪੋਰਟ ਮੁਤਾਬਿਕ ਹਿੰਦੁਸਤਾਨ ਦੇ 150 ਜ਼ਿਲਿਆਂ ਵਿਚ ਹਥਿਆਰਬੰਦ ਕਿਸਾਨ, ਕਬਾਇਲੀ ਲੋਕ ਅਤੇ ਹੋਰ ਦਬੇ ਕੁਚਲੇ ਲੋਕ ਆਪਣੇ ਕੁਦਰਤੀ ਸਾਧਨਾਂ ਨੂੰ ਆਪਣੇ ਵੱਸ ਵਿਚ ਕਰਨ ਲਈ ਜਥੇਬੰਦ ਹੋ ਗਏ ਹਨ। ਹਿੰਦੁਸਤਾਨ ਦੇ 40% ਇਲਾਕੇ ਵਿਚ ਇਹ ਹਥਿਆਰਬੰਦ ਘੋਲ ਚੱਲ ਰਹੇ ਹਨ। ਇਹ ਹਿੰਦੁਸਤਾਨ ਦੀ ਵਸੋਂ ਦਾ 35% ਹਿੱਸਾ ਹੈ। ਕੇਂਦਰੀ ਸਰਕਾਰ ਨੇ ਹੁਣੇ ਜਿਹੇ ਦਿੱਲੀ ਵਿਚ ਕਈ ਸੂਬਾਈ ਸਰਕਾਰਾਂ ਨਾਲ ਗੱਲਬਾਤ ਕਰਕੇ ਇਸ ਜੱਦੋ-ਜਹਿਦ ਨੂੰ ਕੁਚਲਣ ਲਈ ਕਦਮ ਉਠਾਉਣ ਦਾ ਐਲਾਨ ਕੀਤਾ ਹੈ। ਹਾਕਮ ਜਮਾਤਾਂ ਦੇ ਮੀਡੀਏ ਵਿਚ ਇਸ ਨੂੰ ਵੱਧ ਰਹੇ ਅੱਤਵਾਦ ਅਤੇ ਦਹਿਸ਼ਤਵਾਦ ਦਾ ਖ਼ਤਰਾ ਕਹਿ ਕੇ ਸਰਕਾਰ ਅਤੇ ਉਸ ਦੀਆਂ ਏਜੰਸੀਆਂ ਨੂੰ ਕਿਸਾਨਾਂ, ਕਬਾਇਲੀ ਲੋਕਾਂ ਅਤੇ ਹੋਰ ਦਬੇ ਕੁਚਲੇ ਲੋਕਾਂ ਨਾਲ ਹੋਰ ਵਧੇਰੇ ਸਖ਼ਤੀ ਕਰਨ ਦੀਆਂ ਤਜਵੀਜ਼ਾਂ ਵੀ ਪੇਸ਼ ਕੀਤੀਆਂ ਜਾ ਰਹੀਆਂ ਹਨ।

ਲੋਕਾਂ ਦੇ ਇਨ੍ਹਾਂ ਘੋਲਾਂ ਨੂੰ ਕੁਚਲਣ ਵਿਚ ਹਿੰਦੁਸਤਾਨ ਦੀਆਂ ਹਾਕਮ ਜਮਾਤਾਂ ਅਤੇ ਉਨ੍ਹਾਂ ਦੀ ਸਰਕਾਰ ਦੀ ਮਦਦ ਕਰਨ ਲਈ ਲਈ ਅਮਰੀਕਨ ਫ਼ੌਜ ਦੇ ਮਾਹਿਰ ਵੀ ਹਿੰਦੁਸਤਾਨੀ ਫ਼ੌਜੀਆਂ ਅਤੇ ਨੀਮ ਫ਼ੌਜੀਆਂ ਨੂੰ ਮਣੀਪੁਰ, ਹੈਦਰਾਬਾਦ ਅਤੇ ਛੱਤੀਸਗੜ ਵਿਚ ਟਰੇਨਿੰਗ ਦੇ ਰਹੇ ਹਨ, ਖ਼ਾਸ ਤੌਰ ਤੇ ਲੋਕਾਂ ਦੇ ਹਥਿਆਰਬੰਦ ਸੰਘਰਸ਼ ਨੂੰ ਕੁਚਲਣ ਲਈ। ਸਰਕਾਰ ਕਬਾਇਲੀ ਇਲਾਕਿਆਂ ਵਿਚ ਆਪਣੀ ਪੁਰਾਣੀ ***ਪਾੜੋ ਤੇ ਰਾਜ ਕਰੋ*** ਦੀ ਪਾਲਸੀ ਨਾਲ ਵੱਖ ਵੱਖ ਕਬੀਲਿਆਂ ਨੂੰ ਇਕ ਦੂਸਰੇ ਖ਼ਿਲਾਫ਼ ਹਥਿਆਰ ਦੇ ਕੇ ਇਕ ਦੂਜੇ ਤੇ ਹਮਲੇ ਕਰਨ ਲਈ ਵੀ ਉਕਸਾ ਰਹੀ ਹੈ। ਮਿਸਾਲ ਦੇ ਤੌਰ ਤੇ ਝਾਰਖੰਡ ਵਿਚ ਸਰਕਾਰ ਨੇ ਗੁੰਡਿਆਂ ਨੂੰ ਹਥਿਆਰ ਦੇ ਕੇ ਲੋਕਾਂ ਦੇ ਲੀਡਰਾਂ ਨੂੰ ਕਤਲ ਕਰਨ ਦੀ ਮੁਹਿੰਮ ਵੀ ਚਲਾਈ ਹੈ। ਗੁੰਡਿਆਂ ਅਤੇ ਕਾਤਲਾਂ ਦੇ ਇਕ ਟੋਲੇ ਦਾ ਲੀਡਰ ਝਾਰਖੰਡ ਦਾ ਸਾਬਕਾ ਮੁੱਖ ਮੰਤਰੀ ਬਾਬੂ ਲਾਲ ਮਰੰਡੀ ਹੈ। ਛੱਤੀਸਗੜ ਵਿਚ ਵੀ ਇਹੋ ਜਿਹਾ ਟੋਲਾ ਸਰਕਾਰ ਨੇ ਕਾਇਮ ਕੀਤਾ ਹੈ। ਬਿਹਾਰ ਵਿਚ ਵੱਡੇ ਜਗੀਰਦਾਰਾਂ ਦੇ ਹਥਿਆਰਬੰਦ ਗੁੰਡੇ ਬੇਜ਼ਮੀਨੇ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਦਲਿਤਾਂ ਨੂੰ ਡਰਾਉਣ ਅਤੇ ਉਨ੍ਹਾਂ ਵਿਚ ਸਹਿਮ ਫੈਲਾਉਣ ਲਈ ਪਿੰਡਾਂ ਵਿਚ ਕਤਲੋਗਾਰਤ ਕਰ ਰਹੇ ਹਨ।

ਹਾਕਮ ਟੋਲੇ ਵਲੋਂ ਪਾਲੇ ਇਹ ਗੁੰਡੇ ਲੋਕਾਂ ਵਿਚ ਡਰ ਅਤੇ ਸਹਿਮ ਫੈਲਾਉਣ ਲਈ ਔਰਤਾਂ ਨੂੰ ਖ਼ਾਸ ਨਿਸ਼ਾਨਾ ਬਣਾਉਂਦੇ ਹਨ। ਹਾਲ ਵਿਚ ਹੀ ਬਿਹਾਰ ਦੇ ਇਕ ਪਿੰਡ ਵਿਚ ਇਨ੍ਹਾਂ ਨੇ ਦਲਿਤ ਔਰਤਾਂ ਨੂੰ ਨੰਗਾ ਕਰਕੇ ਪਿੰਡ ਵਿਚ ਪਰੇਡ ਕਰਾਈ ਸੀ ਅਤੇ ਪਿੰਡ ਵਾਲਿਆਂ ਨੂੰ ਖ਼ਬਰਦਾਰ ਕੀਤਾ ਸੀ ਕਿ ਜੇ ਦਲਿਤ ਖੇਤ ਮਜ਼ਦੂਰਾਂ ਨੇ ਜ਼ਿਆਦਾ ਦਿਹਾੜੀ ਮੰਗਣ ਦੀ ਕੋਸ਼ਿਸ਼ ਕੀਤੀ ਤਾਂ ਇਹਦਾ ਅੰਜਾਮ ਬੁਰਾ ਹੋਵੇਗਾ।

ਹਾਕਮ ਜਮਾਤਾਂ ਅਤੇ ਸਰਕਾਰ ਦੇ ਜਬਰ ਦੇ ਬਾਵਜੂਦ ਸ਼ਹਿਰਾਂ ਅਤੇ ਪਿੰਡਾਂ ਵਿਚ, ਜੰਗਲਾਂ ਅਤੇ ਖਾਨਾਂ ਵਿਚ, ਲੋਕਾਂ ਦੇ ਸੰਘਰਸ਼ ਤੇਜ਼ ਹੋ ਰਹੇ ਹਨ। ਆਮ ਸ਼ਹਿਰੀਆਂ ਦਾ ਤਜਰਬਾ ਅਤੇ ਖ਼ਿਆਲ ਹੈ ਕਿ ਭਾਜਪਾ ਦਾ ਲਿਸ਼ਕਦਾ ਹਿੰਦੁਸਤਾਨ ਅਤੇ ਮਨਮੋਹਨ ਸਿੰਘ ਸਰਕਾਰ ਦੇ ਭਾਰਤ ਨਿਰਮਾਣ ਦੇ ਨਾਅਰੇ ਸਿਰਫ਼ ਉਨ੍ਹਾਂ ਦੀ ਮਿਹਨਤ ਅਤੇ ਕੁਦਰਤੀ ਸਾਧਨ ਲੁੱਟਣ ਲਈ ਹੀ ਹਨ। ਆਪਣੀ ਮਿਹਨਤ ਅਤੇ ਕੁਦਰਤੀ ਸਾਧਨਾਂ ਨੂੰ ਆਪਣੇ ਹੱਥ ਵਿਚ ਹੀ ਰੱਖਣ ਲਈ ਅਤੇ ਇਨ੍ਹਾਂ ਬਾਰੇ ਫੈਸਲੇ ਕਰਨ ਲਈ ਉਨ੍ਹਾਂ ਕੋਲ ਜੱਦੋ-ਜਹਿਦ ਅਤੇ ਘੋਲ ਦੇ ਬਗੈਰ ਹੋਰ ਕੋਈ ਰਾਹ ਹੈ ਹੀ ਨਹੀ। ਉਨ੍ਹਾਂ ਨੇ ਸਾਰੀਆਂ ਹੀ ਪਾਰਟੀਆਂ ਨੂੰ ਅਜ਼ਮਾ ਲਿਆ ਹੈ। ਉਹ ਡਿਵੈਲਪਮੈਂਟ ਲਈ ਬਹੁਤ ਕੁਰਬਾਨੀ ਕਰ ਚੁੱਕੇ ਹਨ ਅਤੇ ਇਹਦਾ ਉਨ੍ਹਾਂ ਨੂੰ ਕੋਈ ਫ਼ਾਇਦਾ ਨਹੀਂ ਹੁੰਦਾ ਬਲਕਿ ਨੁਕਸਾਨ ਹੀ ਹੁੰਦਾ ਹੈ। ਹਾਕਮ ਜਮਾਤਾਂ ਅਤੇ ਮਨਮੋਹਨ ਸਿੰਘ ਦੀ ਸਰਕਾਰ ਮੁਨਾਫ਼ੇ ਦੀ ਗੱਲ ਕਰਦੇ ਹਨ। ਲੋਕ ਆਪਣੀ ਜ਼ਿੰਦਗੀ ਅਤੇ ਹੱਕਾਂ ਦੀ ਗੱਲ ਕਰ ਰਹੇ ਹਨ। ਮੁਨਾਫ਼ਿਆਂ ਅਤੇ ਹੱਕਾਂ ਵਿਚਕਾਰ ਇਹ ਤਾਰੀਖ਼ੀ ਘੋਲ ਹੁਣ ਤੇਜ਼ ਹੋ ਰਿਹਾ ਹੈ।